# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 28 ਅਗਸਤ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਆਈ ਈ ਐਪ ਦੇ ਵਿਰੋਧ ਵਿੱਚ ਇੰਟਰਨੈਸ਼ਨਲ ਖ਼ਾਲਸਾ ਸਮਾਜ ਨੇ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਦਿੱਤਾ ਮੰਗ ਪੱਤਰ ।

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ



ਫਰੀਦਕੋਟ 28 ਅਗਸਤ : ਇੰਟਰਨੈਸ਼ਨਲ ਸੰਤ ਸਮਾਜ ਪਿੰਡ ਪੱਕਾ ਜ਼ਿਲਾ ਫਰੀਦਕੋਟ ਵੱਲੋਂ ਸੰਤ ਬਾਬਾ ਮਨਪ੍ਰੀਤ ਸਿੰਘ ਖਾਲਸਾ ਜੱਥੇਦਾਰ ਲਖਵੀਰ ਸਿੰਘ ਖਾਲਸਾ ਦੀ ਅਗਵਾਈ ਵਿੱਚ ਇੱਕ ਮੰਗ ਪੱਤਰ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਪੁਨਮਦੀਪ ਕੌਰ ਨੂੰ ਦਿੱਤਾ ਗਿਆ । ਜਿਸ ਵਿੱਚ ਉਹਨਾਂ ਮੁੱਖ ਮੰਤਰੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਅੱਜਕਲ੍ਹ ਸੋਸ਼ਲ ਨੈੱਟਵਰਕਿੰਗ ਤੇ ਆਈ ਈ ਐਪ ਚੱਲ ਰਹੀ ਹੈ ਅਤੇ ਇਸ ਜ਼ਰੀਏ ਕੁੱਝ ਸ਼ਰਾਰਤੀ ਅਨਸਰ ਧਰਮ ਗੁਰੂਆਂ ਤੇ ਸਿੱਖ ਯੋਧਿਆਂ ਭਗਤਾਂ,ਅਤੇ ਧਾਰਮਿਕ ਸਥਾਨਾਂ ਜਿਵੇਂ ਕਿ ਗੁਰੂ ਨਾਨਕ ਦੇਵ ਜੀ,ਬਾਬਾ ਦੀਪ ਅਤੇ ਹੋਰ ਗੁਰੂਆਂ ਤੋਂ ਇਲਾਵਾਂ ਧਾਰਮਿਕ ਸਥਾਨਾਂ ਨਾਲ ਛੇੜ ਛਾੜ ਕਰਕੇ ਇਸ ਨੂੰ ਗਲਤ ਰੰਗਤ ਦਿੱਤੀ ਜਾ ਰਹੀ ਹੈ। ਸੋ, ਇਹ ਐਪ ਆਉਣ ਵਾਲੇ ਸਮੇਂ ਵਿੱਚ ਇੱਕ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ ਇਹ ਫਿਰਕਾਪ੍ਰਸਤ ਗਲਤ ਅਨਸਰ ਇਸ ਐਪ ਦੀ ਗਲਤ ਵਰਤੋਂ ਕਰਕੇ ਧਰਮ ਦੇ ਨਾਮ ਤੇ ਲੋਕਾਂ ਵਿਚ ਨਫ਼ਰਤ ਫੈਲਾ ਕੇ ਆਪਸੀ ਭਾਈਚਾਰਕ ਸਾਂਝ ਖ਼ਤਮ ਕਰਕੇ ਫਿਰਕੂ ਜੰਗ ਵੀ ਛੇੜ ਸਕਦੇ ਹਨ। ਉਹਨਾਂ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਅਗਰ ਸਰਕਾਰ ਨੇ ਇਹ ਆਈ ਈ ਐਪ ਬੰਦ ਨਾ ਕੀਤੀ ਤਾਂ ਇੰਟਰਨੈਸ਼ਨਲ ਖ਼ਾਲਸਾ ਸਮਾਜ ਫ਼ਰੀਦਕੋਟ ਦੇ ਘੰਟਾਂ ਘਰ ਚੌਂਕ ਵਿੱਚ 6.9.25 ਤੋਂ ਲੜੀਵਾਰ ਭੁੱਖ ਹੜਤਾਲ ਅਰੰਭ ਕੀਤੀ ਜਾਵੇਗੀ।

## ਜੂਡੋ ਅਤੇ ਕੁਰਾਸ਼ 'ਚ ਡਰੀਮਲੈਂਡ ਪਬਲਿਕ ਸਕੂਲ ਦੀਆਂ ਖਿਡਾਰਨਾਂ ਜ਼ੋਨ ਪੱਧਰ 'ਤੇ ਜੇਤੂ : ਸ਼ਰਮਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 28 ਅਗਸਤ: ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਬਹੁਤ ਹੀ ਮਿਹਨਤੀ ਕੋਚ ਹਰਵਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੀ ਅਗਵਾਈ ਹੇਠ ਸਕੂਲ ਦੀਆਂ ਲੜਕੀਆਂ ਨੇ ਜੂਡੋ ਅਤੇ ਕੁਰਾਸ਼ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਜੀਸ਼ਨਾਂ ਹਾਸਿਲ ਕੀਤੀਆਂ। ਅੰਡਰ-14 ਵਰਗ ਵਿੱਚ ਸਕੂਲ ਦੀਆਂ ਜੂਡੋ ਖਿਡਾਰਣਾਂ ਪ੍ਰਨੀਤ ਕੌਰ, ਮਨਸੁੱਖ ਕੌਰ, ਭਾਵਿਕਾ, ਏਕਮਜੋਤ ਕੌਰ, ਅਰੂਸ਼ੀ ਅਤੇ ਖੋਜ਼ਦੀਪ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-17 ਵਰਗ ਵਿੱਚ ਸੁਹਾਨੀ, ਰਵਨੀਸ਼ ਕੌਰ, ਵਰਲੀਨ ਕੌਰ, ਕਮਲਪ੍ਰੀਤ ਕੌਰ ਅਤੇ ਸਿਮਰਨ ਨੇ ਪਹਿਲਾ ਸਥਾਨ ਹਾਸਿਲ



ਕੀਤਾ। ਅੰਡਰ-19 ਵਰਗ ਵਿੱਚ ਅੰਸ਼ਿਕਾ ਸ਼ਰਮਾ, ਮਨਪ੍ਰੀਤ ਕੌਰ, ਪਵਨਦੀਪ ਕੌਰ ਅਤੇ ਗੁਰਲੀਨ ਕੌਰ ਨੇ ਪਹਿਲਾ ਸਥਾਨਹਾਸਿਲ ਕੀਤਾ। ਕੁਰਾਸ਼ ਵਿੱਚ ਅੰਡਰ-14 ਵਰਗ ਵਿੱਚ ਰਾਜਦੀਪ ਕੌਰ, ਪ੍ਰਨੀਤ ਕੌਰ, ਸਿਮਰਨ, ਅਰਪਨਪ੍ਰੀਤ ਕੌਰ, ਅਰੂਸ਼ੀ ਅਤੇ ਤਨਿਸ਼ਕਾ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-17 ਵਰਗ ਵਿੱਚ ਰਵਨੀਸ਼ ਕੌਰ, ਵਰਲੀਨ ਕੌਰ, ਕਮਲਪ੍ਰੀਤ ਕੌਰ, ਕਮਲਦੀਪ ਕੌਰ, ਤਮੰਨਾ, ਸੁਹਾਨੀ, ਕ੍ਰਿਤਿਕਾ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-19 ਵਰਗ ਵਿੱਚ ਅੰਸ਼ਿਕਾ ਸ਼ਰਮਾ, ਮਨਪ੍ਰੀਤ ਕੌਰ, ਪਵਨਦੀਪ ਕੌਰ ਅਤੇ ਗੁਰਲੀਨ ਕੌਰ ਨੇ ਪਹਿਲਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਖਿਡਾਰਣਾਂ, ਕੋਚ ਸਹਿਬਾਨ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਖਿਡਾਰਣਾਂ ਨੂੰ ਆਪਣਾ ਮੁਕਾਮ ਹਾਸਿਲ ਕਰਨ ਲਈ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਮੈਡਮ ਕੇਵਲ ਕੌਰ, ਜ਼ੋਨ ਸਕੱਤਰ ਸੁਖਮੀਤ ਸਿੰਘ, ਮੈਡਮ ਕੁਲਦੀਪ ਕੌਰ, ਕੋਚ ਹਰਬਿੰਦਰ ਸਿੰਘ, ਸਕੂਲ ਦੇ ਕੋਚ ਹਰਵਿੰਦਰ ਸਿੰਘ, ਰਾਜਪ੍ਰੀਤ ਸਿੰਘ ਅਤੇ ਪ੍ਰਾਈਵੇਟ ਅਤੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੋਚ ਸਹਿਬਾਨ ਵੀ ਹਾਜ਼ਰ ਸਨ।

## 'ਹਰਿਆਣੇ ਦੀ ਭਾਜਪਾ ਸਰਕਾਰ ਦਾ ਫੈਸਲਾ ਪੀੜਤ ਪਰਿਵਾਰਾਂ ਲਈ ਰਾਹਤ'

### ਭਾਜਪਾ ਆਗੂਆਂ ਨੇ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਨੌਕਰੀ ਦੇਣ ਦੇ ਐਲਾਨ ਦੀ ਕੀਤੀ ਸ਼ਲਾਘਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 28 ਅਗਸਤ : ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਲਈ ਹਰਿਆਣਾ ਸਰਕਾਰ ਵੱਲੋਂ 41 ਸਾਲਾਂ ਬਾਅਦ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਫੈਸਲਾ ਲਿਆ ਗਿਆ ਹੈ। ਸਰਕਾਰ ਦੇ 121 ਪੀੜਤ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੇ ਐਲਾਨ ਦੀ ਸ਼ਲਾਘਾ ਕਰਦਿਆਂ ਭਾਰਤੀ ਜਨਤਾ ਪਾਰਟੀ ਜਿਲ੍ਹਾ ਫਰੀਦਕੋਟ ਦੇ ਰਾਜਨ ਨਾਰੰਗ ਜਿਲ੍ਹਾ ਮੀਤ ਪ੍ਰਧਾਨ, ਮਨਵੀਰ ਰੰਗਾ ਜਿਲਾ ਯੂਥ ਪ੍ਰਧਾਨ, ਕ੍ਰਿਸ਼ਨ ਨਾਰੰਗ ਮੰਡਲ ਪ੍ਰਧਾਨ



ਕੋਟਕਪੂਰਾ, ਹਰਦੀਪ ਸ਼ਰਮਾ ਸੀਨੀਅਰ ਭਾਜਪਾ ਆਗੂ ਅਤੇ ਮਨਜੀਤ ਨੇਗੀ ਮੰਡਲ ਜਨਰਲ ਸਕੱਤਰ ਕੋਟਕਪੂਰਾ ਨੇ ਕਿਹਾ ਕਿ ਇਹ ਕੰਮ ਹੋਰ ਪਾਰਟੀਆਂ ਨਹੀਂ, ਸਗੋਂ ਸਿਰਫ ਭਾਰਤੀ ਜਨਤਾ ਪਾਰਟੀ ਹੀ ਕਰ ਸਕਦੀ ਹੈ। ਇਸ ਮੌਕੇ ਬੋਲਦੇ ਹੋਏ ਉਹਨਾ ਕਿਹਾ ਕਿ 1984 ਦੇ ਸਿੱਖ ਕਤਲੇਆਮ ਨੂੰ ਲੈ ਕੇ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਹਰਿਆਣੇ ਦੇ 121 ਪਰਿਵਾਰਾਂ ਦੇ ਘਰਾਂ ਵਿੱਚੋਂ ਇੱਕ-ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਜੋ ਵੱਡਾ ਐਲਾਨ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਹੈ। ਉਹਨਾਂ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਦਾ ਇਹ ਐਲਾਨ 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਸਰਕਾਰ ਦਾ ਕਦਮ ਵੱਡੀ ਰਾਹਤ ਮੰਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ 1984 ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿੱਚ ਕਤਲੇਆਮ ਹੋਇਆ ਸੀ। ਇਸ ਕਤਲੇਆਮ ਦੌਰਾਨ ਹਰਿਆਣਾ ਦੇ 121 ਲੋਕਾਂ ਦੀ ਮੌਤ ਹੋ ਗਈ ਸੀ, ਜਿੰਨ੍ਹਾਂ ਦੇ ਪਰਿਵਾਰਾਂ ਦੀ ਸਹਿਮਤੀ ਨਾਲ ਹਰਿਆਣਾ ਸਰਕਾਰ ਵਲੋਂ ਉਨ੍ਹਾਂ ਦੇ ਘਰ ਦੇ ਇਕ ਇਕ ਮੈਂਬਰ ਨੂੰ ਪਹਿਲ ਦੇ ਆਧਾਰ 'ਤੇ ਸਰਕਾਰੀ ਨੋਕਰੀ ਦਿੱਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ 1984 ਦੇ ਦੰਗਿਆਂ ਸਮੇ ਹਰਿਆਣਾ ਵਿੱਚ ਹੋਏ ਸਿੱਖ ਕਤਲੇਆਮ ਦੌਰਾਨ 20 ਗੁਰਦੁਆਰੇ, 221 ਘਰ, 154 ਦੁਕਾਨਾ, 57 ਫੈਕਟਰੀਆਂ, 3 ਰੇਲਵੇ ਕੋਚ ਅਤੇ 85 ਵਾਹਨ ਸਾੜ ਦਿੱਤੇ ਗਏ ਸਨ, ਜੋ ਕਿ ਬਹੁਤ ਹੀ ਦੁਖਦਾਈ ਸੀ। ਅੰਤ ਵਿੱਚ ਉਹਨਾਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵੱਲੋਂ ਚੁੱਕੇ ਗਏ ਇਸ ਕਦਮ ਨੂੰ ਪੀੜਤ ਪਰਿਵਾਰਾਂ ਲਈ ਜਾਗੀ ਆਸਾ ਦੀ ਕਿਰਨ ਨੂੰ ਆਪਾ ਅੱਜ ਨਵੇਂ ਸਵੇਰੇ ਵਾਂਗ ਵੇਖਦੇ ਹੋਏ ਸੀ.ਐਮ. ਸੈਣੀ ਦੇ ਸ਼ਲਾਘਾਯੋਗ ਕਦਮ ਦਾ ਧੰਨਵਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਦੇਰ ਨਾਲ ਹੀ ਸਹੀ ਪਰ ਇਸ ਸਿੱਖ ਕਤਲੇਆਮ ਅੱਜ ਤੱਕ ਕਿਸੀ ਵੀ ਸਰਕਾਰ ਨੇ ਨਹੀਂ ਸੋਚਿਆ ਪਰ ਭਾਰਤੀ ਜਨਤਾ ਪਾਰਟੀ ਨੇ ਚਾਹੇ ਦੇਰ ਮਗਰੋਂ ਸੋਚਿਆ ਪਰ ਸੋਚਿਆ ਜਰੂਰ, ਕਿਉਂਕਿ ਭਾਰਤੀ ਜਨਤਾ ਪਾਰਟੀ ਤੋਂ ਇਲਾਵਾ ਇਹ ਕੰਮ ਕੋਈ ਹੋਰ ਪਾਰਟੀ ਨਹੀਂ ਕਰ ਸਕਦੀ ਸੀ, ਇਸ ਲਈ ਅਸੀਂ ਭਾਰਤੀ ਜਨਤਾ ਪਾਰਟੀ ਦੀ ਪੂਰੀ ਲੀਡਰਸ਼ਿਪ ਦਾ ਧੰਨਵਾਦ ਕਰਦੇ ਹਾਂ ਅਤੇ ਪਾਰਟੀ ਲਈ ਦਿਨ-ਰਾਤ ਮਿਹਨਤ ਕਰਕੇ ਪਾਰਟੀ ਨੂੰ ਅੱਗੇ ਲੈ ਕੇ ਜਾਵਾਂਗੇ।

## ਪਾਣੀ ਦਾ ਕਹਿਰ



ਪਾਣੀਆਂ ਕੀਤਾ ਕਿੰਨਾ ਕਹਿਰ ਹੈ।
ਜੀਵਨ ਲੱਗਭੱਗ ਗਿਆ ਠਹਿਰ ਹੈ।

ਚਾਰੇ ਪਾਸੇ ਪਾਣੀਓਂ ਪਾਣੀ।
ਉਲ਼ਝ ਗਈ ਜ਼ਿੰਦਗੀ ਦੀ ਤਾਣੀ।
ਕੰਢਿਆਂ ਪਾਰੋਂ ਵਗੇ ਨਹਿਰ ਹੈ।

ਵਰਲਡ ਪੰਜਾਬੀ ਟਾਈਮਜ਼ — ਪ੍ਰੋ. ਨਵ ਸੰਗੀਤ ਸਿੰਘ

ਪਾਣੀ ਬਣ ਕੇ ਹੜ੍ਹ ਹੈ ਆਇਆ।
ਸਭ ਕੁਝ ਦਾ ਇਸ ਕੀਤਾ ਸਫ਼ਾਇਆ।
ਡੁੱਬਿਆ ਪਾਣੀ ਵਿੱਚ ਸ਼ਹਿਰ ਹੈ।

ਜੀਣ ਦਾ ਨਾ ਕੋਈ ਦਿੱਸੇ ਹੀਲਾ।
ਬਿਖਰਿਆ ਸਾਰਾ ਤੀਲਾ ਤੀਲਾ।
ਹੋਣਾ ਕੀ ਹੁਣ ਅਗਲੇ ਪਹਿਰ ਹੈ।

ਸਾਰੇ ਪਾਸੇ ਮੱਚੀ ਤਬਾਹੀ।
ਮੰਜ਼ਿਲ ਕੋਈ ਦਿੱਸਦੀ ਨਾਂਹੀ।
ਪਾਣੀ ਬਣਿਆ ਇੱਕ ਜ਼ਹਿਰ ਹੈ।

ਕੱਚੇ ਘਰ ਕਿੰਨੇ ਹੀ ਢਹਿ ਗਏ।
ਕਈ ਲੋਕੀਂ ਪਾਣੀ ਵਿੱਚ ਵਹਿ ਗਏ।
ਕੈਸੀ ਰੱਬਾ! ਲਹਿਰ-ਬਹਿਰ ਹੈ!

## ਸ੍ਰੀ ਗੁਰੂ ਤੇਗ ਬਹਾਦਰ ਮਿਸ਼ਨ ਸੀਨੀਅਰ ਸਕੈਂਡਰੀ ਸਕੂਲ ਫ਼ਰੀਦਕੋਟ ਨੇ ਜਿਲੇ ਭਰ ਦੀਆਂ ਖੇਡਾਂ ਵਿੱਚ ਕੀਤਾ ਸਾਨਦਾਰ ਪ੍ਰਦਰਸ਼ਨ :- ਪ੍ਰਿੰਸੀਪਲ ਸ੍ਰੀਮਤੀ ਰਜਨੀ ਬਾਲਾ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ 28 ਅਗਸਤ : ਅੱਜ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਮਿਸ਼ਨ ਸੀਨੀਅਰ ਸਕੈਂਡਰੀ ਸਕੂਲ ਫ਼ਰੀਦਕੋਟ ਦੇ ਖਿਡਾਰੀਆਂ ਵੱਲੋ 69ਵੀਆਂ ਜੋਨਲ ਖੇਡਾਂ ਵਿੱਚ ਬਹੁਤ ਹੀ ਸਾਨਦਾਰ ਪ੍ਰਦਰਸ਼ਨ ਕਰ ਜਿਲੇ ਭਰ ਵਿਚ ਸੰਸਥਾ ਦਾ ਨਾਮ ਰੌਸਨ ਕੀਤਾ ਗਿਆਂ।



ਇਹ ਜਾਣਕਾਰੀ ਪ੍ਰੈਸ ਨਾਲ ਵਿੱਦਿਅਕ ਸੰਸਥਾ ਦੀ ਪ੍ਰਿੰਸੀਪਲ ਸ੍ਰੀਮਤੀ ਰਜਨੀ ਬਾਲਾ ਜੀ ਨੇ ਸਾਂਝੀ ਕਰਦਿਆਂ ਕਿਹਾ ਕਿ ਸਾਡੇ ਸਕੂਲ ਦਾ ਪੂਰਾ ਸਟਾਫ ਬਹੁਤ ਹੀ ਮਿਹਨਤੀ ਹੈ।ਓਹ ਸਕੂਲ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਦਿਨ-ਰਾਤ ਇਕ ਕਰ ਰਿਹਾ ਹੈ। ਓਹ ਵਿਦਿਆਰਥੀਆਂ ਨੂੰ ਤਨ ਮਨ ਨਾਲ ਪੂਰੀ ਮਿਹਨਤ ਕਰਵਾ ਰਿਹਾ ਹੈ। ਅੱਗੇ ਓਨਾਂ ਦੱਸਿਆਂ ਕਿ ਓਨਾਂ U-19 ਯੋਗਾ ਵਿਚ ਗੁਰਪ੍ਰੀਤ ਸਿੰਘ ਨੇ ਪਹਿਲਾ ਸਥਾਨ , U-19 ਗਤਕਾ ਵਿੱਚ ਹਰਗੁਰਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸ ਤੋ ਇਲਾਵਾ U-17 ਕਬੱਡੀ ( ਫਰੀ ਸਟਾਈਲ) ਹੇਜਲ ਕੌਰ ਨੇ ਪਹਿਲਾ ਸਥਾਨ, U-17 ਰੱਸਾ ਕੱਸੀ ਵਿੱਚ ਪਹਿਲਾ ਸਥਾਨ, U-17 ਸਰਕਲ ਕਬੱਡੀ ਟੀਮ ਨੇ ਪਹਿਲਾ ਸਥਾਨ, U-14 ਰੱਸੀ ਕੱਸੀ ਟੀਮ ਨੇ ਪਹਿਲਾ ਸਥਾਨ, U-17 ਕੁਸ਼ਤੀ( ਗਰੀਕੋ ਰੋਮਨ) ਪ੍ਰਣਾਮ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।

ਇਸ ਸਮੇ ਸਕੂਲ ਦੀ ਮੈਨੈਜਰ ਕਮ-ਸੈਕਟਰੀ ਸ੍ਰੀਮਤੀ ਅਮਰ ਸਰਮਾਂ ਡੀ.ਪੀ ਸ੍ਰ ਹਰਜੀਤ ਸਿੰਘ ਤੇ ਪੂਰੇ ਸਟਾਫ ਵੱਲੋ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕੀਤੀ ਤੇ ਚੰਗੇਰੇ ਭਵਿੱਖ ਦੀਆਂ ਸੁੱਭਕਾਮਨਾਵਾਂ ਦਿੱਤੀਆਂ ਗਈਆਂ।

## ਸਕੂਲਾਂ ਵਿੱਚ ਛੁੱਟੀਆਂ ਹੋ ਜਾਣ ਕਾਰਨ 29 ਅਤੇ 31 ਅਗਸਤ ਨੂੰ ਹੋਣ ਵਾਲੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਰੱਦ –ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮ ਵੇਦ




ਸੰਗਰੂਰ 28 ਅਗਸਤ : ਪੰਜਾਬ ਸਰਕਾਰ ਵੱਲੋਂ ਭਾਰੀ ਬਾਰਿਸ਼ਾਂ ਕਾਰਣ ਪੰਜਾਬ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ 30 ਅਗਸਤ ਤੱਕ ਛੁੱਟੀਆਂ ਕਰਨ ਦੇ ਅਚਾਨਕ ਐਲਾਨ ਕਾਰਣ ਤਰਕਸ਼ੀਲ ਸੁਸਾਇਟੀ ਪੰਜਾਬ ਨੇ 29 ਅਤੇ 31 ਅਗਸਤ ਨੂੰ ਸਮੁੱਚੇ ਪੰਜਾਬ ਵਿੱਚ ਹੋਣ ਵਾਲੀ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ।
ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਨੇ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਚਾਨਕ ਲਏ ਫੈਸਲੇ ਕਾਰਨ 29 ਅਤੇ 31 ਅਗਸਤ ਨੂੰ ਹੋਣ ਵਾਲੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਰੱਦ ਕਰ ਦਿੱਤੀ ਗਈ ਹੈ ਅਤੇ ਇਸ ਸਬੰਧੀ ਪ੍ਰੀਖਿਆ ਦੀਆਂ ਅਗਲੀਆਂ ਤਰੀਕਾਂ ਦਾ ਫੈਸਲਾ ਸਾਰੇ ਸਕੂਲਾਂ ਦੇ ਪੂਰੀ ਤਰਾਂ ਖੁੱਲਣ ਤੋਂ ਬਾਅਦ ਅਤੇ ਸਕੂਲ ਪ੍ਰੀਖਿਆਵਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਵੇਗਾ। ਇਸ ਸਬੰਧੀ ਸਕੂਲ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਨੂੰ ਸਮੇਂ ਸਿਰ ਸੂਚਿਤ ਕਰ ਦਿੱਤਾ ਜਾਵੇਗਾ।

## ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਵਿਖੇ ਪ੍ਰੇਰਣਾਦਾਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ।

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ



ਫਰੀਦਕੋਟ 28 ਅਗਸਤ : ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਵੱਲੋਂ ਅਧਿਆਪਕਾਂ ਲਈ ਪ੍ਰੇਰਣਾਦਾਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ 'ਰੋਜ਼ਾਨਾ ਸਪੋਕਸਮੈਨ' ਦੇ ਜ਼ਿਲ੍ਹਾ ਇੰਚਾਰਜ ਸ. ਗੁਰਿੰਦਰ ਸਿੰਘ ਮਹਿੰਦੀਰੱਤਾ ਜੀ ਮੁੱਖ ਪ੍ਰਵਕਤਾ ਦੇ ਤੌਰ ਤੇ ਸਕੂਲ ਦੇ ਅਧਿਆਪਕਾਂ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ ਅਤੇ ਇਸ ਰੂ ਬ ਰੂ ਸਮਾਗਮ ਦੇ ਮੱਦੇਨਜ਼ਰ ਅਧਿਆਪਕਾਂ ਨਾਲ ਪ੍ਰੇਰਣਾਦਾਇਕ ਵਿਚਾਰ ਸਾਂਝੇ ਕੀਤੇ ਅਤੇ ਆਪਣੀ ਜ਼ਿੰਦਗੀ ਦੇ ਨਿੱਜੀ ਤਜਰਬਿਆਂ ਰਾਹੀ ਬਹੁਤ ਕੀਮਤੀ ਸੁਝਾਅ ਦਿੱਤੇ ਅਤੇ ਵੱਖ ਵੱਖ ਮਜ਼ਮੂਨਾ ਜਿਵੇਂ ਕਿ ਬਾਬੇ ਨਾਨਕ ਦੇ ਫ਼ਲਸਫ਼ੇ,ਤੰਦਰੁਸਤ ਸਮਾਜ ਦੀ ਸਿਰਜਣਾ,ਤੰਦਰੁਸਤ ਵਾਤਾਵਰਣ,ਖ਼ੁਸ਼ੀ ਗਮੀ ਮੌਕੇ ਰੁੱਖ ਲਾਉਣ ਦੀ ਪਰੰਪਰਾ,ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼, ਸਾਦਾ ਰਹਿਣਾ,ਸਾਦਾ ਪਹਿਨਣਾ, ਸਾਦਾ ਖਾਣਾ ਵਰਗੇ ਜ਼ਿੰਦਗੀ ਦੇ ਅਣਮੁੱਲੇ ਸਿਧਾਂਤਾਂ ਤੇ ਚੱਲਣ ਦੀ ਤਾਕੀਦ ਕੀਤੀ । ਬਾਬਾ ਫ਼ਰੀਦ ਜੀ ਦੇ ਸਲੋਕਾਂ ਦੀਆ ਉਦਾਹਰਨਾਂ ਦਿੰਦੇ ਹੋਏ ਬੜੇ ਖੂਬਸੂਰਤ ਸਲੀਕੇ ਅਪਨਾਉਣ ਦੇ ਢੰਗ ਤਰੀਕੇ ਤੋ ਜਾਣੂ ਕਰਵਾਇਆ ਜੋ ਹਮੇਸ਼ਾ ਹੀ ਨੇਕ ਅਧਿਆਪਕ ਬਣਨ ਲਈ ਕਾਰਗਰ ਸਿੱਧ ਹੋਣਗੇ ।

ਮੈਂਨਜਮੈਂਟ ਮੈਂਬਰ ਕੁਲਜੀਤ ਸਿੰਘ ਮੌਂਗੀਆਂ ਜੀ ਨੇ ਸ.ਗੁਰਿੰਦਰ ਸਿੰਘ ਮਹਿੰਦੀ ਰੱਤਾ ਜੀ ਦਾ ਸਵਾਗਤ ਕੀਤਾ, ਜਦਕਿ ਸਮਾਪਤੀ 'ਤੇ ਕਾ. ਪ੍ਰਿੰਸੀਪਲ ਮੈਡਮ ਸੁਖਦੀਪ ਕੌਰ ਨੇ ਧੰਨਵਾਦ ਪ੍ਰਗਟਾਇਆ ਅਤੇ ਉਹਨਾਂ ਨੇ ਦੱਸਿਆ ਕਿ ਅਜਿਹੇ ਪ੍ਰੇਰਣਾਦਾਇਕ ਭਾਸ਼ਣ, ਸੈਮੀਨਾਰ, ਵਰਕਸ਼ਾਪ ਅਤੇ ਗੋਸ਼ਟੀਆ ਵੱਖ ਵੱਖ ਸਮੇ ਤੇ ਕਰਵਾਉਣਾ ਅਧਿਆਪਕਾਂ ਤੇ ਵਿਦਿਆਰਥੀਆ ਲਈ ਬਹੁਤ ਹੀ ਉਪਯੋਗੀ ਸਿੱਧ ਹੁੰਦੇ ਹਨ ਜੋ ਸਕੂਲ ਦੀ ਬਿਹਤਰ ਕਾਰਗੁਜ਼ਾਰੀ ਲਈ ਅਤਿ ਅਵੱਸ਼ਕ ਹਨ ।

## ਮੈਂ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ



ਸਰਵੋਤਮ ਇਸ ਪਖੋਂ ਦੱਸਣੀ ਚਾਹੁੰਦੀ ਹਾਂ।
ਇਸ ਮਹਾਨ ਗ੍ਰੰਥ ਨੇ ਕਿਸੇ
ਦੇਵੀ ਦੇਵਤੇ ਨੂੰ ਪ੍ਰਭੂ ਨਹੀਂ ਮੰਨਿਆਂ।
ਜਿਵੇਂ ਪੁਰਾਣਾ ਨੇ ਕੀਤਾਂ ਹੈ।
ਹੁਣ ਪੁਰਾਣਾਂਕਾਰ ਨੇ ਆਪਣੇ ਹੀ ਦੇਵਤੇ ਨੂੰ ਰੱਬ ਬਣਾ ਦਿੱਤਾ।
ਬਾਕੀ ਉਸਦੇ ਨੌਕਰ ਚਾਕਰ।

ਇਸ ਤਰ੍ਹਾਂ ਅਨੇਕਾਂ ਈਸਵਰਵਾਦ ਭਾਰਤੀ ਭਾਈਚਾਰੇ ਵਿਚ ਭਿਆਨਕ ਫੁੱਟ ਪਾ ਦਿੱਤੀ

ਭਾਰਤ ਵਿਚ ਛੋਟੀਆਂ ਛੋਟੀਆਂ ਕੌਮਾਂ ਦੀ ਲੰਬੀ ਗੁਲਾਮੀ ਸਹਿਣੀ ਪਈ

ਗੁਰਬਾਣੀ ਦੇ ਰਚਣਹਾਰਿਆਂ ਨੇ ਕੇਵਲ
ਸਿਰਮੌਰ ਸਤਿ-ਚਿਤ ਅੰਨਦ ਸਰੂਪ ਦਸਿਆ ਹੈ

ਰਾਮ ਜਿਹੇ ਰਾਜੇ ਅਣ ਗਣਿਤ ਹਨ।
ਪਰ ਨਿਰਭੁਓ ਅਜਰ-ਰਹਿਤ ਪ੍ਰਭੂ ਇਕ ਹੈ।
ਇਥੇ ਮੈਂ ਰਾਮ ਤੋਂ ਭਾਵ ਸ੍ਰੀ ਰਾਮ ਚੰਦਰ ਜੀ ਤੋਂ ਹੈ।
ਮੇਰਾ ਭਾਵ ਤ੍ਰਿਤਿਆ ਬ੍ਰਹਮਾ ਬਿਸਨੁ ਮਹੇਸ।।
ਦੇਵੀ ਦੇਵ ਉਪਾਏ ਵੇਸ।
ਜਿਥੇ ਕਿਤੇ ਪ੍ਰਭੂ ਦੇ ਕਹੇ ਜਾਂਦੇ
ਹੋਏ ਅਵਤਾਰਾ ਜਾਂ ਵਿਭੂਤੀ ਰੂਪਾ ਦਾ ਜ਼ਿਕਰ ਆਇਆ ਹੈ।

ਉਥੇ ਉਹਨਾਂ ਨੂੰ ਪ੍ਰਭ-ਪਿਤਾ ਦੇ ਗੁਣ ਗਾਉਣ ਕਰਨ ਵਾਲੇ
ਜਾਂ ਸੇਵਕ ਕਿਹਾ ਗਿਆ ਹੈ।

ਵਰਲਡ ਪੰਜਾਬੀ ਟਾਈਮਜ਼ — ਸੁਰਜੀਤ ਸਾਰੰਗ

# ਕਾਲਸਨਾ ਦੇ ਸਰਪੰਚ ਵਾਂਗ ਹੋਰਾਂ ਨਾਲ ਹੁੰਦੇ ਆ ਰਹੇ ਧੱਕੇ ਬੰਦ ਕਦੋਂ ਹੋਣਗੇ ?

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ




ਲੋਕਤੰਤਰ ਰਾਜ ਲਈ ਸੰਵਿਧਾਨ ਦਾ ਹੋਣਾ ਅਤਿ ਜਰੂਰੀ ਹੈ । ਸੰਵਿਧਾਨ ਹੀ ਲੋਕਾਂ ਨੂੰ ਸਰਕਾਰੀ ਨਿਯਮਾਂ , ਨਿਰਦੇਸ਼ਾਂ ਆਦਿ ਦੀ ਪਾਲਣਾ ਕਰਨ , ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕ ਹੋਣ ਲਈ ਦਿਸ਼ਾ ਨਿਰਦੇਸ਼ ਅਤੇ ਅਧਿਕਾਰ ਵੀ ਦਿੰਦਾ ਹੈ ।ਪਰ ਸਰਕਾਰਾਂ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਆਜ਼ਾਦੀ ਦੇ ਅਧਿਕਾਰ ਨੂੰ ਮਤਰੇਈ ਮਾਂ ਵਾਲਾ ਸਲੂਕ ਕਰ ਕੇ ਮਧੋਲਦੀ ਆ ਰਹੀ ਜਿਵੇਂ ਕਿਤੇ ਉਹ ਬੇਗਾਨੇ ਦੇਸ਼ ਦੇ ਨਾਗਰਿਕ ਹੋਣ ।ਬਾਹਰਲੇ ਦੇਸ਼ਾਂ ਵਿੱਚ ਅੰਮ੍ਰਿਤਧਾਰੀ ਲੋਕ ਉਥੋਂ ਦੇ ਸਰਕਾਰੀ ਤੰਤਰ , ਰਾਜਨੀਤਕ ਲੋਕਾਂ ਨੂੰ ਕਕਾਰਾਂ ਸਮੇਤ ਮਿਲ ਸਕਦੇ ਹਨ ਤਾਂ ਆਪਣੇ ਹੀ ਸਾਡੇ ਆਪਣਿਆਂ ਤੋਂ ਕਿਉਂ ਡਰ ਕੇ ਪਾਬੰਦੀਆਂ ਲਾਉਂਦੇ ਹਨ , ਇਹ ਬੜਾ ਗੰਭੀਰ ਮਸਲਾ ਹੈ । ਸਾਡੇ ਸਿੱਖ ਭਾਈਚਾਰੇ ਦੀ ਤਰਜ਼ਮਾਨੀ ਕਰਨ ਵਾਲੇ ਨੇਤਾਵਾਂ , ਧਾਰਮਿਕ ਆਗੂਆਂ ਆਦਿ ਨੂੰ ਪਹਿਲ ਦੇ ਆਧਾਰ ਤੇ ਸਰਕਾਰ ਨਾਲ ਰਾਬਤਾ ਕਰਕੇ ਨਿੱਤ ਦਿਨ ਵਾਪਰਦੀਆਂ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਨੂੰ ਅੱਗੇ ਤੋਂ ਰੋਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ , ਸਿਰਫ ਬਿਆਨਬਾਜ਼ੀ , ਨਿੰਦਾ ਕਰਨ ਨਾਲ ਕੁਝ ਨਹੀਂ ਸੰਵਰਦਾ । ਤਾਜ਼ਾ ਘਟਨਾਵਾਂ ਵਿੱਚ ਇੱਕ ਤਰਨਤਾਰਨ ਜਿਲ੍ਹੇ ਦੇ ਪਿੰਡ ਦੀ ਗੁਰਸਿੱਖ ਬੱਚੀ ਗੁਰਪ੍ਰੀਤ ਕੌਰ ਨੂੰ ਰਾਜਸਥਾਨ ਪ੍ਰਸ਼ਾਸ਼ਨ ਨੇ ਜੈਪੁਰ ਵਿੱਚ ਰਾਜਸਥਾਨ ਜੁਡੀਸ਼ਲ ਸਰਵਿਸਜ਼ ਦੀ ਪ੍ਰੀਖਿਆ ਵਿੱਚ ਕਕਾਰ ਪਹਿਨ ਕੇ ਜਾਣ ਤੋਂ ਰੋਕਣ ਦਾ ਮਾਮਲਾ ਮੀਡੀਏ ਵਿੱਚ ਆਇਆ । ਸਰਕਾਰ ਵਲੋਂ ਬਾਅਦ ਵਿੱਚ ਗਲਤੀ ਦਾ ਅਹਿਸਾਸ ਕਰਕੇ ਮੁੜ ਅੱਗੇ ਅਜਿਹਾ ਨਾ ਕਰਨ ਲਈ ਨਿਰਦੇਸ਼ ਜਾਰੀ ਕਰਕੇ ਮਾਲਾ ਸਮੇਟਿਆ ਹੈ ।ਉਸ ਬੱਚੀ ਦੇ ਭਵਿੱਖ ਨੂੰ ਜਰੂਰ ਸੱਟ ਵੱਜੀ ਹੈ ,ਉਸ ਦੇ ਜੱਜ ਬਣਨ ਦਾ ਇੱਕ ਮੌਕਾ ਖੁੰਝ ਗਿਆ ਹੈ , ਜਿਸ ਦੀ ਭਰਪਾਈ ਲਈ ਸਰਕਾਰ ਜ਼ਿੰਮੇਵਾਰ ਹੈ ਜਦੋਂ ਕਿ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ । ਉਨ੍ਹਾਂ ਤੋਂ ਸਰਕਾਰਾਂ ਕਿਉਂ ਨਹੀਂ ਸਿੱਖਦੀਆਂ ?

ਇਸੇ ਸੰਦਰਭ ਵਿੱਚ ਪੰਦਰਾਂ ਅਗਸਤ ਨੂੰ ਰਾਜਧਾਨੀ ਦਿੱਲੀ ਵਿਖੇ ਪਟਿਆਲਾ ਜਿਲ੍ਹੇ ਦੇ ਪਿੰਡ ਕਾਲਸਨਾ ਦੇ ਸਰਪੰਚ ਨੂੰ ਪਿੰਡ ਦੇ ਸਮੁੱਚੇ ਵਿਕਾਸ ਅਤੇ ਨੁਹਾਰ ਬਦਲਣ ਸਦਕਾ ਕੇਂਦਰੀ ਵਿਭਾਗ ਦੇ ਜਲ ਸ਼ਕਤੀ ਮੰਤਰਾਲੇ ਵਲੋਂ ਵਿਸ਼ੇਸ਼ ਸਨਮਾਨ ਲਈ ਆਜ਼ਾਦੀ ਦਿਵਸ਼ ਮੌਕੇ ਲਾਲ ਕਿਲ੍ਹੇ ਵਿੱਚ ਪੁੱਜਣ ਲਈ ਸਬੰਧਤ ਮੰਤਰਾਲੇ ਵਲੋਂ ਸੱਦਾ ਦਿੱਤਾ ਗਿਆ ਸੀ । ਜਦੋਂ ਪਿੰਡ ਦਾ ਅੰਮ੍ਰਿਤਧਾਰੀ ਸਰਪੰਚ ਸ੍ਰ. ਗੁਰਧਿਆਨ ਸਿੰਘ ਨਿਸਚਿਤ ਸਮੇਂ ਅਨੁਸਾਰ ਲਾਲ ਕਿਲ੍ਹੇ ਅੰਦਰ ਜਾਣ ਲਈ ਸੁਰੱਖਿਆ ਗੇਟਾਂ ਰਾਹੀਂ ਜਾਣ ਲਈ ਅੱਗੇ ਵੱਧਿਆ ਤਾਂ ਸਕਿਉਰਟੀ ਅਫਸਰ ਨੇ ਸ੍ਰੀ ਸਾਹਿਬ (ਛੋਟੀ ਕਿਰਪਾਨ) ਗੇਟ ਉੱਪਰ ਜਮ੍ਹਾਂ ਕਰਵਾ ਕੇ ਜਾਣ ਲਈ ਕਹਿਆ ।ਸਰਪੰਚ ਨੇ ਅੰਦਰ ਜਾਣ ਤੋਂ ਇਸ ਤਰ੍ਹਾਂ ਅਫਸਰਸ਼ਾਹੀ ਦੇ ਰੋਕਣ ਵਾਲੇ ਧੱਕੇ ਨੂੰ ਕਕਾਰਾਂ ਦਾ ਅਪਮਾਨ ਸਮਝਦੇ ਹੋਏ ਆਪਣਾ ਸਨਮਾਨ ਲੈਣ ਤੌਂ ਹੀ ਇਨਕਾਰ ਕਰ ਦਿੱਤਾ ਅਤੇ ਵਾਪਿਸ ਪਿੰਡ ਖਾਲੀ ਹੱਥ ਇੱਕ ਤਰ੍ਹਾਂ ਦਾ ਜ਼ਲੀਲ ਹੋ ਕੇ ਆ ਗਿਆ ।ਪਿੰਡ ਨਿਵਾਸੀਆਂ , ਇਲਾਕਾ ਨਿਵਾਸੀਆਂ ਆਦਿ ਨੇ ਇਸ ਘਟਨਾ ਦੀ ਨਿੰਦਾ ਕੀਤੀ ।ਸਿੱਖ ਸੰਸਥਾ ਦੇ ਮੁੱਖੀ ਅਤੇ ਹੋ ਨੇਤਾਵਾਂ ਨੇ ਵੀ ਨਿੰਦਾ ਤਾਂ ਜਰੂਰ ਕੀਤੀ , ਪਰ ਕੇਂਦਰ ਸਰਕਾਰ ਨੂੰ ਅੱਗੇ ਤੋਂ ਅਜਿਹਾ ਨਾ ਹੋਣ ਦੇਣ ਲਈ ਕੋਈ ਮੌਕੇ ਤੇ ਕਦਮ ਚੁੱਕਣ ਲਈ ਦਿਲਾਸਾ ਨਹੀਂ ਦਿੱਤਾ । ਹੁਣ ਪਿੰਡ ਕਾਲਸਨਾ ਦੇ ਸਮੁੱਚੇ ਗਰਾਮ ਇਜਲਾਸ ਵਲੋਂ ਸਾਂਝੇ ਤੌਰ ਤੇ ਮਤਾ ਪਾਸ ਕਰਕੇ ਪਿੰਡ ਨੂੰ ਦਿੱਤੇ ਗਏ ਸਨਮਾਨ ਨੂੰ ਵਾਪਸ ਦਿੱਤੇ ਜਾਣ ਦਾ ਫੈਸ਼ਲਾ ਲਿਆ ਹੈ ।ਇਸ ਸਬੰਧ ਵਿੱਚ ਪੰਜਾਬ ਸਰਕਾਰ ਨੂੰ ਕੇਂਦਰ ਦੇ ਵਤੀਰੇ ਦੀ ਲਿਖਤੀ ਤੌਰ ਤੇ ਨਿੰਦਾ ਕਰਕੇ , ਅੱਗੇ ਤੋਂ ਅਜਿਹੀ ਘਟਨਾ ਨਾ ਹੋਣ ਦੇਣ ਲਈ ਲਿਖਤੀ ਕਾਰਵਾਈ ਕਰਨੀ ਚਾਹੀਦੀ ਹੈ ।ਪਿੰਡ ਵਿੱਚ ਵਧੀਆ ਕੰਮ ਕਰਨ ਵਾਲੇ ਇਸ ਸਰਪੰਚ ਨੂੰ ਰਾਜ ਸਰਕਾਰ ਵਲੋਂ ਆਪ ਸਨਮਾਨ ਦੇ ਕੇ ਘੱਟੋ ਘੱਟ ਉਸ ਦੀ ਮਾਨਸਿਕ ਪੀੜਾ ਨੂੰ ਘੱਟ ਕਰਨਾ ਚਾਹੀਦਾ ਹੈ ਕਿਉਂ ਕਿ ਸਰਪੰਚ ਸਰਕਾਰ ਦਾ ਹੀ ਅੰਗ ਹੈ । ਇਥੇ ਕਿਸੇ ਪਾਰਟੀ ਦਾ ਸਬੰਧ ਨਹੀਂ ਹੋਣਾ ਚਾਹੀਦਾ ।

ਸੁਪਰੀਮ ਕੋਰਟ ਦੇ ਫੈਸ਼ਲੇ ਜਿਸ ਵਿੱਚ ਜੋ ਮੁਲਜ਼ਮ ਸ਼ਜਾ ਭੁਗਤ ਚੁੱਕੇ ਹਨ ਉਨ੍ਹਾਂ ਦੀ ਰਿਹਾਈ ਲਈ ਨਿਰਦੇਸ਼ ਦਿੱਤੇ ਹਨ । ਪੰਜਾਬ ਦੀਆਂ ਜੇਲ੍ਹਾਂ ਅੰਦਰ ਦੀ ਜੇ ਗੱਲ ਕਰੀਏ ਤਾਂ ਬਹੁਤ ਸਾਰੇ ਨੌਜਵਾਨ ਵੱਖ –ਵੱਖ ਕੇਸਾਂ ਵਿੱਚ ਆਪਣੀ ਸ਼ਜ਼ਾ ਪੂਰੀ ਕਰ ਚੁੱਕੇ ਹਨ ।ਕੇਂਦਰ ਸਰਕਾਰ ਕਿਸੇ ਵੀ ਪਾਰਟੀ ਦੀ ਆਈ ਹੋਵੇ ਇਨ੍ਹਾਂ ਨੂੰ ਰਿਹਾਅ ਕਰਨ ਲਈ ਅੱਗੇ ਨਹੀਂ ਆਈ । ਇੱਕ ਸ਼ਜਾਯਾਫਤਾ ਵਿਅਕਤੀ ਨੂੰ ਸਮਾਜ ਵਿੱਚ ਆ ਕੇ ਆਪਣੀ ਬਚਦੀ ਜ਼ਿੰਦਗੀ ਨੂੰ ਨਵੇਂ ਅੰਦਾਜ਼ ਵਿੱਚ ਜ਼ਿਊਣ ਲਈ ਉਸ ਨੂੰ ਸਨਮਾਨ ਨਾਲ ਰਿਹਾਅ ਕਰਕੇ ਹੋਰਾਂ ਲਈ ਮਿਸਾਲ ਬਣਨ ਦਾ ਮੌਕਾ ਦੇ ਕੇ ਸਮਾਜ ਵਿਰੋਧੀ ਅਨਸਰਾਂ ਨੂੰ ਸੁਧਰ ਜਾਣ ਦਾ ਸੁਨੇਹਾ ਦਿੱਤਾ ਜਾ ਸਕਦਾ ਹੈ ।ਇੱਕਾ ਦੁੱਕਾ ਬੰਦੀ ਸਿੰਘ ਜੋ ਲੰਬਾ ਸਮਾਂ ਸ਼ਜਾ ਪੂਰੀ ਹੋਣ ਤੋਂ ਬਾਅਦ ਪਿਛਲੇ ਸਾਲਾਂ 'ਚ ਛੱਡੇ ਗਏ ਹਨ , ਉਹ ਆਮ ਜ਼ਿੰਦਗੀ ਵਿਚਰ ਰਹੇ ਹਨ । ਐਵੇਂ ਕਿਸੇ ਉੱਪਰ ਸ਼ੱਕ ਕਰੀ ਜਾਣਾ ਉਹ ਵੀ ਸਿਰਫ ਸਿੱਖ ਨੌਜਵਾਨਾਂ ਉੱਪਰ ਇਹ ਸਰਕਾਰ ਦੀ ਇੱਕ ਧਰਮ ਦੇ ਬੰਦਿਆਂ ਨਾਲ ਧੱਕੇਸਾਹੀ ਹੀ ਹੋਵੇਗੀ , ਸਰਕਾਰ ਦੀ ਪ੍ਰਸ਼ਾਸ਼ਨਿਕ ਕਮਜ਼ੋਰੀ ਦੀ ਵੀ ਨਿਸਾਨੀ ਹੈ । ਪੰਜਾਬ ਦਾ ਇੱਕ ਸੰਸਦ ਮੈਂਬਰ ਜੋ ਜੇਲ੍ਹ ਵਿੱਚ ਬੈਠਾ ਲੋਕ ਸਭਾ ਚੋਣ ਜਿੱਤ ਗਿਆ ਸੀ , ਉਸ ਦੀ ਲੋਕਪ੍ਰਿਆ ਨੂੰ ਦੇਖ ਸਰਕਾਰ ਬੁਖਲਾ ਗਈ । ਜਿਸ ਢੰਗ ਨਾਲ ਉਸ ਨੂੰ ਪੰਜਾਬ ਤੋਂ ਬਾਹਰਲੇ ਰਾਜ ਵਿੱਚ ਵੱਖ-ਵੱਖ ਧਾਰਾਵਾਂ ਤਹਿਤ ਦੇਸ਼ ਨੂੰ ਖਤਰਾ ਦੱਸ ਨਜ਼ਰਬੰਦ ਕੀਤਾ ਹੋਇਆ ਇਹ ਸਾਡੇ ਦੇਸ਼ ਦੇ ਲੋਕਤੰਤਰੀ ਢਾਂਚੇ ਉੱਪਰ ਵੱਡਾ ਧੱਬਾ ਹੈ ।ਇਸ ਸਬੰਧ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਈ ਠੋਸ ਕਾਰਨ ਦੱਸਣ ਤੋਂ ਆਨਾ ਕਰਨੀ ਕਰਦੇ ਨਜ਼ਰ ਆ ਰਹੇ ਹਨ । ਉੱਚ ਅਦਾਲਤ ਵਿੱਚ ਕੇਸਾਂ ਨੂੰ ਵੀ ਪਹਿਲ ਦੇ ਆਧਾਰ ਉੱਪਰ ਸੁਣਿਆ ਨਹੀਂ ਜਾ ਰਿਹਾ । ਜਿਸ ਹਲਕੇ ਦੇ ਲੋਕਾਂ ਨੇ ਉਸ ਸੰਸਦ ਮੈਂਬਰ ਨੂੰ ਹਲਕੇ ਦੇ ਵਿਕਾਸ ਲਈ ਚੁਣਿਆ ਸੀ ਉਹ ਲੋਕਾਂ ਲਈ ਸੁਪਨਾ ਬਣ ਗਿਆ ਜਾਪਦਾ ਹੈ । ਜੋ ਹਰੇਕ ਸਾਲ ਐਮ.ਪੀ. ਕੋਟੇ ਦੀ ਗ੍ਰਾਂਟ ਆਉਂਦੀ ਹੈ ਉਸ ਤੌਂ ਹਲਕੇ ਦਾ ਵਾਂਝਾ ਹੋਣਾ ਸੰਵਿਧਾਨਕ ਤੌਰ ਤੇ ਹਲਕੇ ਦੇ ਲੋਕਾਂ ਨਾਲ ਧੱਕਾ ਹੀ ਤਾਂ ਹੈ ।ਬਹੁਤ ਸਾਰੇ ਸੰਸਦ / ਵਿਧਾਨ ਸਭਾ ਮੈਂਬਰ ਵੱਖ-ਵੱਖ ਗੰਭੀਰ ਅਪਰਾਧਾਂ ਵਿੱਚ ਕੇਸਾਂ ਦਾ ਸਾਹਮਣਾ ਕਰਦੇ ਹੋਏ ਆਜ਼ਾਦ ਫਿਰ ਰਹੇ ਹਨ ।ਪਰ ਦੇਸ਼ ਨੂੰ ਖਤਰਾ ਦੱਸ ਕੇ ਪੰਜਾਬ ਦੇ ਨੌਜਵਾਨਾਂ ਨੂੰ ਨਜ਼ਰਬੰਦ ਰੱਖਣਾ ਸੰਵਿਧਾਨਿਕ ਆਜ਼ਾਦੀ ਦੇ ਹੱਕ ਤੋਂ ਵਾਂਝਾ ਰੱਖਣਾ ਹੀ ਹੈ ।

# ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਹੌਲੀ ਹੌਲੀ ਅਪਣੀਂ ਆਦਤ ਬਦਲਣ ਦੀ ਗੱਲ ਸੋਚ ਰਿਹਾਂ।

ਡੁੱਬ ਰਹੇ ਸੂਰਜ ਨੂੰ ਪੈਰੀਂ ਮਸਲਣ ਦੀ ਗੱਲ ਸੋਚ ਰਿਹਾਂ।

ਹੰਕਾਰ ਅਤੇ ਹਉਮੇ ਵਿਚ ਅਪਣੀਂ ਮੌਤ ਭੁਲਾ ਬੈਠਾ ਹਾਂ,

ਇਕ ਕੀੜੀ ਨੂੰ ਪੈਰਾਂ ਥੱਲੇ ਕੁਚਲਣ ਦੀ ਗੱਲ ਸੋਚ ਰਿਹਾਂ।

ਇਕ ਦਿਨ ਜਦ ਮੈਂ ਮੁਰਦੇ ਵੀ ਅਰਥੀ ਨਾਲ ਜਨਾਜੇ ਵੇਖੀ,

ਜੀਵਨ ਕੀ ਹੈ? ਬਸ ਫਿਰ ਇਸ ਨੂੰ ਸਮਝਣ ਦੀ ਗੱਲ ਸੋਚ ਰਿਹਾਂ।

ਆਖ਼ਿਰ ਕੂੜੇਦਾਨ 'ਚ ਇਸ ਨੂੰ ਕੱਠਿਆਂ ਕਰਕੇ ਸੁਟ ਦੇਣਾ,

ਕਿਰਚਾ-ਕਿਰਚਾ ਟੁੱਟੇ ਹੋਏ ਦਰਪਣ ਦੀ ਗੱਲ ਸੋਚ ਰਿਹਾਂ।

ਫੁਲ ਦੀ ਨਾ ਪ੍ਰਤਿਸ਼ਠਾ ਕੋਈ ਨਾ ਕੋਈ ਵੱਡਿਆਈ ਹੈ,

ਸਾਰੀ ਖ਼ੁਸ਼ਬੂ ਦੇ ਅੰਤਰੀਵ ਸਮਰਪਣ ਦੀ ਗੱਲ ਸੋਚ ਰਿਹਾਂ।

ਸ਼ਾਇਦ ਬੀਤੇ ਸਮਿਆਂ ਦੇ ਕੁਝ ਫੁੱਲ ਗੁਲਾਬੀ ਖਿੜ੍ਹ ਜਾਵਣ,

ਯਾਦਾਂ ਦੀ ਤਨਹਾਈ ਅੰਦਰ ਤੜਪਣ ਦੀ ਗੱਲ ਸੋਚ ਰਿਹਾਂ।

ਜਿਸ ਨੇ ਸਾਰੇ ਜੀਵਨ ਦੀ ਹੀ ਬਾਜੀ ਪੁੱਠੀ ਕਰ ਦਿੱਤੀ,

ਤੇਰੇ ਹੰਝੂਆਂ ਦੀ ਛੋਟੀ ਜਿਹੀ ਕਤਰਣ ਦੀ ਗੱਲ ਸੋਚ ਰਿਹਾਂ।

ਘਰ ਦੀ ਖ਼ਾਤਿਰ ਮਾਂ ਨੇ ਅਪਣੀ ਹਰ ਇਕ ਖਾਹਿਸ਼ ਅਧੂਰੀ ਰੱਖੀ,


ਬਲਦੇ ਦੀਵੇ ਦੀ ਬੱਤੀ ਵਿਚ ਅਰਪਣ ਦੀ ਗੱਲ ਸੋਚ ਰਿਹਾਂ।

ਟੁਕੜੇ-ਟੁਕੜੇ ਬੱਦਲ ਯਾਰੋ ਨਾ ਗਜਦੇ ਨਾ ਵਰ੍ਹਦੇ ਨੇ,

ਬਾਲਮ ਇੱਕ ਕ੍ਰਾਂਤੀ ਅੰਦਰ ਗਰਜਨ ਦੀ ਗਲ ਸੋਚ ਰਿਹਾਂ।

# " ਹੱਡ ਬੀਤੀਆਂ ਜੱਗ ਬੀਤੀਆਂ"

## ਵੱਖਰੀਆਂ ਪੈੜਾਂ ਪਾ ਗਿਆ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦਾ ਪਲੇਠਾ ਕਹਾਣੀ ਦਰਬਾਰ




ਵਰਲਡ ਪੰਜਾਬੀ ਟਾਈਮਜ਼
ਸਰਬਜੀਤ ਸਿੰਘ ਜਰਮਨੀ

ਕਹਾਣੀ ਸਾਹਿਤ ਦਾ ਇੱਕ ਅਨਿੱਖੜਵਾਂ ਅੰਗ ਹੈ। ਜਦੋਂ ਤੋਂ ਮਨੁੱਖ ਨੇ ਆਪਣੇ ਹਾਵ ਭਾਵ ਇੱਕ ਦੂਜੇ ਨਾਲ ਪ੍ਰਗਟਾਉਣੇ ਸ਼ੁਰੂ ਕੀਤੇ ਹਨ ਉਸੇ ਸਮੇਂ ਤੋਂ ਕਹਾਣੀ ਦੀ ਰਚਨਾ ਹੋਈ ਮੰਨਿਆ ਜਾਂਦਾ ਹੈ। ਹਰ ਨਾਵਲ ਦੀ ਕੋਈ ਕਹਾਣੀ ਹੁੰਦੀ ਹੈ ਤੇ ਹਰ ਕਵਿਤਾ ਵਿੱਚ ਵੀ ਕੋਈ ਨਾ ਕੋਈ ਕਹਾਣੀ ਛੁੱਪੀ ਹੁੰਦੀ ਹੈ। ਸ਼ਾਇਦ ਸਾਡੀ ਸਭ ਦੀ ਜ਼ਿੰਦਗੀ ਵੀ ਇੱਕ ਵੱਖਰੀ ਕਹਾਣੀ ਹੁੰਦੀ ਹੈ। ਜੇ ਮੈਂ ਕਹਾਂ ਕਿ ਹਰ ਇੱਕ ਦਿਨ ਇੱਕ ਵੱਖਰੀ ਕਹਾਣੀ ਲਿਖਦਾ ਹੈ ਤਾਂ ਵੀ ਕੋਈ ਅੱਤਕਥਨੀ ਨਹੀਂ ਹੋਵੇਗੀ।

ਕਹਾਣੀ ਨੂੰ ਮੁੱਖ ਰੱਖਦਿਆਂ 24 ਅਗਸਤ 2025 ਦਿਨ ਐਤਵਾਰ ਨੂੰ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵੱਲੋਂ ਪਲੇਠਾ ਕਹਾਣੀ ਦਰਬਾਰ "ਹੱਡ ਬੀਤੀਆਂ ਜੱਗ ਬੀਤੀਆਂ" ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ ਕਹਾਣੀਕਾਰਾਂ ਨੇ ਹਿੱਸਾ ਲਿਆ। ਇਸ ਕਹਾਣੀ ਦਰਬਾਰ ਵਿੱਚ ਇੱਕ ਵੱਖਰਾ ਸੁਮੇਲ ਇਹ ਦੇਖਣ ਨੂੰ ਮਿਲਿਆ ਕਿ ਜਿੱਥੇ ਕੈਨੇਡਾ ਦੀ ਧਰਤੀ ਤੇ ਸਵੇਰ ਦੇ ਸੂਰਜ ਦੀ ਕਿਰਨ ਚਮਕ ਰਹੀ ਸੀ ਉੱਥੇ ਹੀ ਯੂਰਪ ਵਿੱਚ ਦੁਪਹਿਰ ਦਾ ਸਮਾਂ ਹੋਣ ਕਰਕੇ ਸੂਰਜ ਸਿਖਰ ਤੇ ਸੀ। ਭਾਰਤ ਵਿੱਚ ਲਗਭਗ ਰਾਤ ਹੋ ਚੁੱਕੀ ਸੀ। ਸਾਊਥ ਕੋਰੀਆ ਵਿੱਚ ਅੱਧੀ ਰਾਤ ਦੇ ਸਮੇਂ ਤਾਰੇ ਟਿਮਟਿਮ ਕਰ ਰਹੇ ਸਨ ਤੇ ਅਗਲੇ ਦਿਨ ਦੀ ਸ਼ੁਰੂਆਤ ਹੋ ਚੁੱਕੀ ਸੀ। ਸਮੇਂ ਦਾ ਭਾਵੇਂ ਵੱਖ ਵੱਖ ਦੇਸ਼ਾਂ ਵਿੱਚ ਹੋਣ ਕਰਕੇ ਬਹੁਤ ਫਰਕ ਸੀ ਪਰ ਮਾਂ ਬੋਲੀ ਪੰਜਾਬੀ ਦੇ ਕਹਾਣੀਕਾਰਾਂ ਦੀ ਕਹਾਣੀ ਦਰਬਾਰ ਲਈ ਮੰਜ਼ਿਲ ਇੱਕ ਸੀ।

ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਰਪ੍ਰਸਤ ਬਿੰਦਰ ਕੋਲੀਆਂ ਵਾਲ ਨੇ ਸਾਰਿਆਂ ਨੂੰ ਜੀ ਆਇਆਂ ਆਖਦੇ ਹੋਏ ਮੰਚ ਸੰਚਾਲਨ ਦੀ ਜਿੰਮੇਵਾਰੀ ਸਰਬਜੀਤ ਸਿੰਘ ਜਰਮਨੀ ਨੂੰ ਦਿੱਤੀ। ਸਰਬਜੀਤ ਨੇ ਸਭ ਤੋਂ ਪਹਿਲਾ ਸੱਦਾ ਪੋਲੀ ਬਰਾੜ (ਅਮਰੀਕਾ) ਵਾਲਿਆਂ ਨੂੰ ਦਿੰਦੇ ਹੋਏ ਕਹਾਣੀ ਦਰਬਾਰ ਦੀ ਸ਼ੁਰੂਆਤ ਕੀਤੀ। ਪੋਲੀ ਬਰਾੜ ਨੇ ਬੜੀ ਮਨ ਮੋਹਣੀ ਕਹਾਣੀ "ਇਲਾਕੇ ਦਾ ਫ਼ਰਕ" ਵਿੱਚ ਮਾਝੇ-ਮਾਲਵੇ ਦੇ ਰੀਤੀ ਰਿਵਾਜਾਂ ਤੇ ਆਪਣੀ ਸਾਂਝ ਪਾਈ। ਅਮਰੀਕਾ ਦਾ ਬਾਰਡਰ ਪਾਰ ਕਰਕੇ ਦੂਜਾ ਸੱਦਾ ਹਰਸ਼ਰਨ ਕੌਰ, ਕਨੇਡਾ ਨੂੰ ਦਿੱਤਾ ਗਿਆ ਤੇ ਉਹਨਾਂ ਨੇ "ਪਿਆਰ ਦੇ ਪਲ" ਕਹਾਣੀ ਸੁਣਾ ਕੇ ਕੁਝ ਪਿਆਰ ਕਰਨ ਵਾਲਿਆਂ ਦੇ ਰੂਹਾਂ ਦੀ ਸਾਂਝ ਬਾਰੇ ਦੱਸਿਆ। ਬਾਅਦ ਵਿੱਚ ਗੁਰਮੀਤ ਸਿੰਘ ਮੱਲੀ, ਇਟਲੀ ਵਲੋਂ ਆਪਣੀ ਕਹਾਣੀ "ਅਣ-ਸੁਲਝੀ ਮੁਹੱਬਤ" ਸੁਣਾ ਕੇ ਪਰਦੇਸੀਆਂ ਦੇ ਅਧੂਰੇ ਪਿਆਰ ਤੇ ਚਾਨਣਾ ਪਾਇਆ ਗਿਆ।

ਸਰਬਜੀਤ ਨੇ ਫਿਰ ਹਾਸਿਆਂ ਦੀ ਪਟਾਰੀ ਨਾਲ ਸੰਬੋਧਨ ਕਰਦਿਆਂ ਜਸਵਿੰਦਰ ਕੌਰ ਮਿੰਟੂ, ਇਟਲੀ ਨੂੰ ਸੱਦਾ ਦਿੱਤਾ। ਮਿੰਟੂ ਜੀ ਨੇ ਆਪਣੀ ਕਹਾਣੀ "ਰਿਸ਼ਤੇ" ਸੁਣਾ ਕੇ ਪੁਰਾਤਨ ਸਮੇਂ ਦੇ ਪਿਆਰ ਭਰੇ ਰਿਸ਼ਤੇ ਅਤੇ ਅੱਜ ਦੇ ਰਿਸ਼ਤਿਆਂ ਵਿੱਚ ਆ ਰਹੇ ਬਦਲਾਉ ਬਾਰੇ ਬਾਖੂਬੀ ਚਾਨਣਾ ਪਾਇਆ। ਮਨਜੀਤ ਕੌਰ ਧੀਮਾਨ , ਲੁਧਿਆਣਾ ਨੇ ਆਪਣੀ ਮਿੰਨ੍ਹੀ ਕਹਾਣੀ "ਵਕਤ ਦੀ ਹੇਰਾ-ਫੇਰੀ" ਵਿੱਚ ਪਤੀ ਪਤਨੀ ਦੇ ਰਿਸ਼ਤੇ ਵਿੱਚ ਸਮੇਂ ਦੇ ਸੱਚ ਨੂੰ ਬਿਆਨ ਕੀਤਾ। ਗੁਰੂ ਨਗਰੀ ਸੁਲਤਾਨ ਪੁਰ ਲੋਧੀ ਵਸਦੇ ਸ਼ਾਇਰ ਮੁਖਤਾਰ ਸਿੰਘ ਚੰਦੀ ਜੀ ਨੇ ਆਪਣੀ ਕਹਾਣੀ "ਚੰਨ ਨੂੰ ਗ੍ਰਹਿਣ" ਨਾਲ ਪੰਜਾਬ ਦੀਆਂ ਉਹਨਾਂ ਧੀਆਂ ਦਾ ਦਰਦ ਬਿਆਨ ਕੀਤਾ ਜਿਹਨਾਂ ਨੂੰ ਪਰਦੇਸ ਗਏ ਮਾਹੀ ਨੇ ਮੁੜ ਚਿੱਠੀ ਤੱਕ ਨਾ ਪਾਈ। ਮੋਤੀ ਸ਼ਾਇਰ ਪੰਜਾਬੀ, ਜਲੰਧਰ ਜੀ ਨੇ ਚੱਲਦੇ ਪ੍ਰੋਗਰਾਮ ਵਿੱਚ ਆਪਣੇ ਸਫ਼ਰ ਦੌਰਾਨ ਇੰਦੌਰ ਦੀਆਂ ਕੁੱਝ ਰੌਚਕ ਗੱਲਾਂ ਬਾਰੇ ਜਾਣੂ ਕਰਵਾਇਆ, ਮੋਤੀ ਜੀ ਨੇ ਕੁਝ ਹੀ ਪਲਾਂ ਵਿੱਚ ਕਈ ਕਹਾਣੀਆਂ ਵਰਗੀ ਸਾਂਝ ਪਾ ਦਿੱਤੀ।

ਲਾਈਵ ਚੱਲਦੇ ਕਹਾਣੀ ਦਰਬਾਰ ਵਿੱਚ ਉਹਨਾਂ ਸਰੋਤਿਆ ਨੂੰ ਵੀ ਯਾਦ ਕੀਤਾ ਗਿਆ ਜਿਹੜੇ ਆਪਣੀਆਂ ਹੌਂਸਲਾ ਵਧਾਉ ਪਿਆਰੀਆਂ ਪਿਆਰੀਆਂ ਟਿੱਪਣੀਆਂ ਕਰਕੇ ਕਹਾਣੀਕਾਰਾਂ ਦਾ ਹੌਂਸਲਾ ਵਧਾ ਰਹੇ ਸਨ। ਸਰਬਜੀਤ ਸਿੰਘ ਵੱਲੋਂ ਆਪਣੇ ਅਗਲੇ ਸੱਦੇ ਵਿੱਚ ਬਿੰਦਰ ਕੋਲੀਆਂ ਵਾਲ ਨੂੰ ਬੁਲਾਇਆ ਗਿਆ। ਉਹਨਾਂ ਨੇ ਰੌਲਿਆਂ ਸਮੇਂ ਦਾ ਡਾਹਢਾ ਦਰਦ ਬਿਆਨ ਕਰਦੀ ਕਹਾਣੀ "ਜੰਗਾਲਿਆ ਜਿੰਦਰਾ" ਨਾਲ ਸਭ ਨੂੰ ਭਾਵੁਕ ਕਰ ਦਿੱਤਾ।

ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਕਹਾਣੀਕਾਰਾਂ ਦੀ ਵਾਰੀ ਮਗਰੋਂ ਸਰਬਜੀਤ ਸਿੰਘ ਜਰਮਨੀ ਨੇ "ਮਾਂ ਬੋਲੀ ਪੰਜਾਬੀ" ਕਹਾਣੀ ਰਾਹੀ ਸਭ ਨੂੰ ਪੰਜਾਬੀ ਬੋਲੀ ਸਿੱਖਣ ਦਾ ਸੰਦੇਸ਼ ਦਿੱਤਾ। ਕਹਾਣੀ ਵਿੱਚ ਗੱਲ ਕੀਤੀ ਗਈ ਕਿ ਕਿਸੇ ਵੀ ਬੋਲੀ ਨੂੰ ਬੋਲਣ ਵਿੱਚ ਕੋਈ ਹਰਜ਼ ਨਹੀਂ ਹੈ ਪਰ ਉਸ ਦੀ ਵਰਤੋਂ ਉਦੋਂ ਹੀ ਕਰੋ ਜਦੋਂ ਤੁਸੀਂ ਉਸ ਤੋਂ ਚੰਗੀ ਤਰ੍ਹਾਂ ਜਾਣੂ ਹੋਵੋ। ਪ੍ਰੋਗਰਾਮ ਦੇ ਆਖੀਰ ਵਿੱਚ ਅਮਨਬੀਰ ਸਿੰਘ ਧਾਮੀ, ਸਾਊਥ ਕੋਰੀਆ ਵੱਲੋਂ ਕਹਾਣੀ ਦਰਬਾਰ ਵਿੱਚ ਸ਼ਾਮਲ ਹੋਏ ਸਾਰੇ ਕਹਾਣੀਕਾਰਾਂ, ਕਹਾਣੀਕਾਰਵਾਂ ਦਾ ਬਹੁਤ ਸਤਿਕਾਰ ਸਾਹਿਤ ਧੰਨਵਾਦ ਕੀਤਾ ਗਿਆ। ਉਹਨਾਂ ਨੇ ਆਪ ਵੀ ਕਹਾਣੀ ਲਿਖਣ ਦਾ ਵਾਅਦਾ ਕੀਤਾ ਤੇ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦੀ ਪੂਰੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਕਹਾਣੀ ਦਰਬਾਰ ਅਕਸਰ ਹੋਣੇ ਚਾਹੀਦੇ ਹਨ।

ਅਸੀਂ ਵੱਖ ਵੱਖ ਲਾਈਵ ਪ੍ਰੋਗਰਾਮਾਂ ਵਿੱਚ ਅਕਸਰ ਕਵੀ ਦਰਬਾਰ ਸੁਣਦੇ ਹਾਂ ਪਰ ਕਹਾਣੀ ਦਰਬਾਰ ਇੱਕ ਵੱਖਰੀ ਪਹਿਲ ਕਦਮੀ ਹੈ। ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵਲੋਂ ਲਗਭਗ ਹਰ ਤੀਜਾ ਪ੍ਰੋਗਰਾਮ "ਕਹਾਣੀ ਦਰਬਾਰ" ਕਰਾਉਣ ਦਾ ਨਿਰਣਾ ਲਿਆ ਗਿਆ ਹੈ। ਜੇਕਰ ਆਪ ਜੀ ਵੀ ਆਪਣੀ ਲਿਖੀ ਕਹਾਣੀ ਸੁਣਾਉਣਾ ਚਾਹੁੰਦੇ ਹੋ ਤਾਂ ਤੁਸੀਂ ਫੇਸਬੁੱਕ ਤੇ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਨਾਲ ਜੁੜ ਸਕਦੇ ਹੋ ਜੀ।

# ਸਿੱਖਿਆ ਪ੍ਰਣਾਲੀ****




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਸਕੂਲਾਂ ਕਾਲਜਾਂ ਦੀਆਂ ਇਮਾਰਤਾਂ ਦੀ ਖਸਤਾ ਹਾਲਤ ਨੂੰ ਅੱਖੋਂ ਪਰੋਖੇ ਕਰਨਾ ਤਾਂ ਮਜਬੂਰੀ ਜਿਹੀ ਬਣ ਗਈ ਹੈ। ਜੋ ਹਾਲ ਅਧਿਆਪਕਾਂ ਦਾ ਹੈ। ਉਹ ਭਲੀ ਭਾਂਤੀ ਸਭ ਨੂੰ ਪਤਾ ਹੀ ਹੈ।
ਪਹਿਲੀ ਗੱਲ ਤਾਂ ਇਹ ਕਿ ਕਿਤੇ ਵੀ ਅਧਿਆਪਕਾਂ ਦੀਆਂ ਅਸਾਮੀਆਂ ਪੂਰੀਆਂ ਭਰੀਆਂ ਹੋਈਆਂ ਹੀ ਨਹੀਂ ਹਨ। ਜੋ ਅਧਿਆਪਕ ਆਪਣੀਆਂ ਅਸਾਮੀਆਂ ਤੇ ਮੌਜੂਦਾ ਹਨ।
ਉਹਨਾਂ ਵਿਚੋਂ ਜ਼ਿਆਦਾਤਰ ਅਧਿਆਪਕ ਕਹਾਉਣ ਦੇ ਯੋਗ ਹੀ ਨਹੀਂ ਹਨ। ਟਿਉਕਿ ਅਧਿਆਪਕ ਤਾਂ ਉਸਨੂੰ ਹੀ ਕਿਹਾ ਜਾ ਸਕਦਾ ਹੈ। ਜਿਸਦਾ ਪੜ੍ਹਾਇਆ ਵਿਦਿਆਰਥੀਆਂ ਦੇ ਦਿਲ ਵਿੱਚ ਉਤਰ ਜਾਵੇ ਅਤੇ ਦਿਮਾਗ ਉੱਪਰ ਛਪ ਜਾਵੇ ਤੇ ਵਿਦਿਆਰਥੀ ਉਸਦੇ ਡਰ ਨਾਲ ਨਹੀ ਸਗੋਂ ਸਤਿਕਾਰ ਨਾਲ ਪੜ੍ਹਨ। ਇਸ ਸਭ ਦੀ ਆਸ ਉਸ ਵਿਅਕਤੀ ਤੋਂ ਹੀ ਕੀਤੀ ਜਾ ਸਕਦੀ ਹੈ ਜੋ ਕਿਤਾਬੀ ਦੁਨੀਆਂ ਦੇ ਨਾਲ਼ ਨਾਲ਼ ਆਮ ਦੁਨੀਆਂ ਵਿੱਚ ਵੀ ਵਿਚਰਿਆ ਹੋਵੇ। ਜਿਸ ਨੇ ਬੰਦ ਕਮਰਿਆਂ ਵਿੱਚ ਬੈਠ ਕੇ ਕਿਤਾਬਾਂ ਤੋਂ ਹੀ ਰੱਟੇ ਲਾਏ ਹਨ ਉਹ ਸਿਰਫ਼ ਰੱਟੇ ਹੀ ਲਗਵਾ ਸਕਦਾ ਹੈ। ਸਮਝਾ ਕੁਝ ਨਹੀਂ ਸਕਦਾ ਸਿਖਾ ਕੁਝ ਨਹੀਂ ਸਕਦਾ ਹੈ।ਆਮ ਵੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਅਧਿਆਪਕਾਂ ਦਾ ਵਿਦਿਆਰਥੀ ਆਂ ਪ੍ਰਤੀ ਵਤੀਰਾ ਇਸ ਤਰ੍ਹਾਂ ਦਾ ਹੁੰਦਾ ਹੈ।
ਜਿਵੇਂ ਉਹ ਉਨ੍ਹਾਂ ਦੇ ਸ਼ਗਿਰਦ ਨਹੀਂ ਬਲਕਿ ਗੁਲਾਮ ਹੋਣ।
ਅਧਿਆਪਕ ਦੀ ਕੁਰਸੀ ਤੇ ਬੈਠ ਜਾਣ ਨਾਲ ਕੋਈ ਅਧਿਆਪਕ ਨਹੀਂ ਬਣ ਜਾਂਦਾ।
ਜਿਸ ਤਰ੍ਹਾਂ ਸ਼ੇਰ ਦੀ ਖੱਲ ਪਾ ਲੈਣ ਨਾਲ ਕੋਈ ਗਿੱਦੜ ਸ਼ੇਰ ਨਹੀਂ ਬਣ ਸਕਦਾ। ਅਧਿਆਪਕ ਹੋਣ ਅਤੇ ਅਧਿਆਪਕ ਕਹਾਉਣ ਵਿਚ ਬਹੁਤ ਫਰਕ ਹੈ। ਇਥੇ ਤਾਂ ਹੱਦ ਹੀ ਹੋਈ ਪਈ ਹੈ ਕਿਉਂਕਿ ਪ੍ਰਿੰਸੀਪਲ ਵਰਗੇ ਸਤਿਕਾਰਤ ਅਹੁਦੇ ਦੀਆਂ ਕੁਰਸੀਆਂ ਤੇ ਵੀ ਏਨੇ ਯੱਬਲ ਵਿਆਕਤੀਆਂ ਨੇ ਤਸ਼ਰੀਫ਼ ਰੱਖੀ ਹੋਈ ਹੈ। ਜਿਨ੍ਹਾਂ ਕੋਲ ਡਿਗਰੀਆਂ ਤਾਂ ਬਹੁਤ ਵੱਡੀਆਂ ਹਨ। ਗੋਲਡ ਮੈਡਲ ਹਨ ।ਪਰ ਆਮ ਸੂਝ ਬੂਝ ਬਿਲਕੁਲ ਸਿਰਫ਼ ਹੈ।
ਵਿੱਦਿਅਕ ਸੰਸਥਾਵਾਂ ਸਿਰਫ ਵਿਦਿਅਕ ਸੰਸਥਾਵਾਂ ਨਾ ਰਹਿ ਕੇ ਪ੍ਰਧਾਨ ਲਈ ਅਖਾੜਾ ਬਣਕੇ ਰਹਿ ਗਏਈਆਂ ਹਨ।
ਆਪਣੇ ਆਪ ਨੂੰ ਮਹਾਨ ਸ਼ਖਸੀਅਤ ਅਖਵਾਉਣ ਵਾਲਿਆਂ ਨੂੰ ਕਿਸੇ ਯੁਵਕ ਪ੍ਰੋਗਰਾਮ ਦੀ ਸਟੇਜ ਤੋਂ ਅਕਸਰ ਸੰਘ ਪਾੜ ਪਾੜ ਕੈ ਕਹਿੰਦਿਆਂ ਸੁਣਿਆ ਜਾ ਸਕਦਾ ਹੈ। ਸਹਾਇਕ ਗਤੀਵਿਧੀਆਂ ਸਿਖਿਆ ਦਾ ਜ਼ਰੂਰੀ ਅੰਗ ਹਨ। ਇਨ੍ਹਾਂ ਬਿਨਾਂ ਸਿੱਖਿਆ ਅਧੂਰੀ ਹੈ। ਸੋ ਜੇਕਰ ਸਿਰਫ਼ ਪੜ੍ਹਨ ਵਾਲੇ ਵਿਦਿਆਰਥੀ ਹੀ ਦੇਸ਼ ਦਾ ਨਾਮ ਉੱਚਾ ਕਰ ਸਕਦੇ ਹਨ।
ਇਨ੍ਹਾਂ ਗਤੀਵਿਧੀਆਂ ਦਾ ਵਿਖਾਵਾ ਕਰਨ ਦੀ ਕੋਈ ਲੋੜ ਨਹੀਂ ਇਨ੍ਹਾਂ ਨੂੰ ਬੰਦ ਕਰ ਦੈਣਾ ਚਾਹੀਦਾ ਹੈ। ਉਹ ਦਿਨ ਦੂਰ ਨਹੀਂ ਪੰਜਾਬ ਨੂੰ ਕਿਤਾਬੀ ਕੀੜੀਆਂ ਦਾ ਦੇਸ਼ ਕਿਹਾ ਜਾਂਦਾ ਹੈ।
ਅਧਿਆਪਕਾਂ ਨੂੰ ਚਾਹੀਦਾ ਹੈ ਉਹ ਅਧਿਆਪਕ ਬਣ ਕੇ ਖੁਦੀ ਬਣ ਕੇ ਪੜਾਉਣ ਨੂੰ ਪੜਾਈ ਵਾਂਗ ਲੈਣ। ਖੁਦਾ ਨਾ ਬਣਨਾ। ਵਿਦਿਆਰਥੀ ਜੀਵਨ ਹਰਗੁਣਪ੍ਰੀਤ ਹੈ ਵਿਦਿਆਰਥੀਆਂ ਨੂੰ ਵੀ ਢੰਗ ਨਾਲ ਪੜ੍ਹਨ ਦੀ ਲੋੜ ਹੈ।